**ਪੰਜਾਬ ਸਰਕਾਰ,**
**ਸਿੱਖਿਆ ਵਿਭਾਗ**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)
ਪੰਜਾਬ।

ਮੀਮੋ ਨੰ. ਐਮ.ਡੀ.ਐਮ.ਸੀ/ਜੀ.ਐਮ./2010/19622001
ਮਿਤੀ : 11/05/2010

**ਵਿਸ਼ਾ:- ਮਿਤੀ 01-05-2010 ਤੋਂ ਮਿਡ-ਡੇ-ਮੀਲ ਦੀ ਕੁਕਿੰਗ ਕਾਸਟ ਦੀ ਦਰਾਂ ਵਿੱਚ ਵਾਧਾ ਕਰਨ ਸਬੰਧੀ।**

1.0 ਭਾਰਤ ਸਰਕਾਰ ਦੇ ਹੁਕਮਾਂ ਅਨੁਸਾਰ ਸਕੂਲਾਂ ਵਿੱਚ ਦਿੱਤੇ ਜਾ ਰਹੇ ਦੁਪਹਿਰ ਦੇ ਖਾਣਾ ਬਨਾਉਣ ਵਾਲੇ ਖਰਚੇ ਨੂੰ ਮਿਤੀ 01-05-2010 ਤੋਂ 7.5% ਵਧਾਇਆ ਗਿਆ ਹੈ।

2.0 ਕੁਕਿੰਗ ਕਾਸਟ ਵਿੱਚ ਵਾਧਾ ਕਰਨ ਉਪਰੰਤ ਇਹ ਰੇਟ ਪ੍ਰਾਇਮਰੀ ਕਲਾਸਾਂ ਵਾਸਤੇ 2.50 ਰੁ. ਤੋਂ ਵਧਾ ਕੇ 2.69 ਰੁ. ਪ੍ਰਤੀ ਦਿਨ, ਪ੍ਰਤੀ ਬੱਚਾ ਹੋ ਜਾਵੇਗਾ। ਇਸੇ ਤਰ੍ਹਾਂ ਅਪਰ ਪ੍ਰਾਇਮਰੀ ਕਲਾਸਾ ਵਾਸਤੇ 3.75 ਰੁ. ਤੋਂ ਵਧਾ ਕੇ 4.03 ਰੁ. ਪ੍ਰਤੀ ਦਿਨ ਪ੍ਰਤੀ ਬੱਚਾ ਹੋ ਜਾਵੇਗਾ।

3.0 ਵਧੇ ਹੋਏ ਰੇਟਾਂ ਦਾ ਫਲ ਸਕੂਲੀ ਬੱਚਿਆਂ ਨੂੰ ਦਿਵਾਉਣ ਹਿਤ ਮਿਡ-ਡੇ-ਮੀਲ ਮੀਨੂੰ ਵਿੱਚ ਹਰ ਸੋਮਵਾਰ ਦੁਪਹਿਰ ਦੇ ਖਾਣੇ ਨਾਲ ਦੁੱਧ ਵਾਲੀ ਖੀਰ ਦੇਣ ਦਾ ਫੈਸਲਾ ਕੀਤਾ ਗਿਆ ਹੈ। ਹੈਡ ਟੀਚਰ ਇਹ ਯਕੀਨੀ ਬਨਾਉਣਗੇ ਕਿ ਖੀਰ ਬਨਾਉਣ ਲਈ ਦੁੱਧ ਵਧੀਆ ਅਤੇ ਸ਼ੁੱਧ ਹੋਣਾ ਚਾਹੀਦਾ ਹੈ।

4.0 ਇਹ ਮਾਣਯੋਗ ਸਿੱਖਿਆ ਮੰਤਰੀ ਜੀ ਦੇ ਹੁਕਮ ਮਿਤੀ 07.05.2010 ਰਾਂਹੀ ਜਾਰੀ ਕੀਤਾ ਜਾਂਦਾ ਹੈ।

**ਵਿਸੇਸ਼ ਸਕੱਤਰ ਕਮ ਡਾਇਰੈਕਟਰ ਜਨਰਲ**
**ਸਕੂਲ ਐਜੂਕੇਸ਼ਨ, ਪੰਜਾਬ**